**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

---

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:), ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪੰਜਾਬ।
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
ਸਮੂਹ ਸਕੂਲ ਮੁੱਖੀ, ਸਰਕਾਰੀ ਸਕੂਲ, ਪੰਜਾਬ।

ਮੀਮੋ ਨੰ: 15/285-2015 ਤੇ ਸਥਾ (1)/17925
ਮਿਤੀ: ਚੰਡੀਗੜ੍ਹ 15/01/2019

**ਵਿਸ਼ਾ:-** **ਸੇਵਾ ਵਿੱਚ ਵਾਧਾ (Extension cases) ਲੈਣ ਲਈ ਆਨ ਲਾਈਨ ਅਪਲਾਈ ਕਰਨ ਸਬੰਧੀ।**

1.0 ਪਿਛਲੇ ਕੁੱਝ ਸਮੇਂ ਤੋਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਇਹ ਗੱਲ ਧਿਆਨ ਵਿੱਚ ਲਿਆਂਦੀ ਜਾ ਰਹੀ ਹੈ ਕਿ ਉਨ੍ਹਾਂ ਵੱਲੋਂ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਸੇਵਾ ਵਿੱਚ ਵਾਧਾ ਲੈਣ ਸਬੰਧੀ ਕੇਸ ਸਮੇਂ ਸਿਰ ਅਪਲਾਈ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੂੰ ਸਮੇਂ ਸਿਰ ਸੇਵਾ ਵਿੱਚ ਵਾਧੇ ਸਬੰਧੀ ਪ੍ਰਵਾਨਗੀ ਨਹੀਂ ਮਿਲਦੀ ਅਤੇ ਉਨ੍ਹਾਂ ਨੂੰ ਵੱਖ ਵੱਖ ਪੱਧਰਾਂ ਤੇ ਦਫ਼ਤਰਾਂ ਵਿੱਚ ਜਾ ਕੇ ਆਪਣੇ ਕੇਸਾਂ ਦੀ ਪੈਰਵੀ ਕਰਨੀ ਪੈਂਦੀ ਹੈ।

2.0 ਇਹ ਮਾਮਲਾ ਗਵਰਨੈਂਸ ਰਿਫਾਰਮਜ਼ ਦੇ ਅਧਿਕਾਰੀਆਂ ਨਾਲ ਵਿਚਾਰਿਆ ਗਿਆ ਅਤੇ ਵਿਚਾਰ ਵਟਾਂਦਰੇ ਉਪਰੰਤ ਸੇਵਾ ਵਿੱਚ ਵਾਧੇ ਦੇ ਕੇਸਾਂ ਦੀ ਕਾਰਜ ਵਿਧੀ ਨੂੰ ਸਰਲ (Simplify) ਕੀਤਾ ਗਿਆ ਹੈ। ਸਿੱਖਿਆ ਵਿਭਾਗ ਦੁਆਰਾ ਆਪਣੇ ਪੋਰਟਲ ਤੇ ਸੇਵਾ ਵਿੱਚ ਵਾਧੇ ਸਬੰਧੀ ਆਨ ਲਾਈਨ ਅਪਲਾਈ ਕਰਨ ਦੀ ਪ੍ਰੋਵੀਜ਼ਨ ਕਰ ਦਿੱਤੀ ਗਈ ਹੈ। ਜੇਕਰ ਵਿਭਾਗ ਦਾ ਕੋਈ ਅਧਿਕਾਰੀ/ਕਰਮਚਾਰੀ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਸੇਵਾ ਵਿੱਚ ਵਾਧਾ ਲੈਣਾ ਚਾਹੁੰਦਾ ਹੈ ਅਤੇ ਉਹ ਵਾਧਾ ਲੈਣ ਸਬੰਧੀ ਪਾਲਸੀ ਮੁਤਾਬਕ ਸ਼ਰਤਾ ਪੂਰੀਆਂ ਕਰਦਾ ਹੈ ਤਾਂ ਉਹ ਵਿਭਾਗ ਦੁਆਰਾ ਬਣਾਏ ਗਏ ਪੋਰਟਲ ਤੇ ਆਨ ਲਾਈਨ ਅਪਲਾਈ ਕਰ ਸਕਦਾ ਹੈ ਅਤੇ ਉਸ ਨੂੰ ਆਨ ਲਾਈਨ ਅਪਲਾਈ ਕਰਨ ਉਪਰੰਤ ਹਾਰਡ ਕਾਪੀ ਦੇਣ ਦੀ ਕੋਈ ਜ਼ਰੂਰਤ ਨਹੀਂ ਹੈ।

3.0 ਉਪਰੋਕਤ ਦੇ ਸਨਮੁੱਖ ਸਮਰੱਥ ਅਥਾਰਿਟੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਸ਼ਾ ਅੰਕਿਤ ਦਰਸਾਏ ਅਨੁਸਾਰ ਆਨ ਲਾਈਨ ਅਪਲਾਈ ਕੀਤੇ ਗਏ ਕੇਸਾਂ ਦਾ ਨਿਪਟਾਰਾ ਸਮੇਂ ਸਿਰ ਆਨ ਲਾਈਨ ਹੀ ਕਰਨਾ ਯਕੀਨੀ ਬਣਾਇਆ ਜਾਵੇ ਜੀ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: 17925 ਮਿਤੀ: 15/01/2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡੀ.ਪੀ.ਆਈ.(ਸੈ:ਸਿ:) ਪੰਜਾਬ।
3. ਡੀ.ਪੀ.ਆਈ.(ਐ:ਸਿ:) ਪੰਜਾਬ।
4. ਡਾਇਰੈਕਟਰ ਐ.ਸੀ.ਈ.ਆਰ.ਟੀ. ਪੰਜਾਬ।
5. ਸ੍ਰੀ ਸੁਨੀਲ ਕੁਮਾਰ, ਨੋਡਲ ਅਫ਼ਸਰ, ਦਫ਼ਤਰ ਡੀ.ਪੀ.ਆਈ.(ਸੈ:ਸਿ:) ਪੰਜਾਬ।

**ਸਕੱਤਰ ਸਕੂਲ ਸਿੱਖਿਆ**